# ਵਾਟਰਲੂ ਡਿਸਟ੍ਰਿਕਟ ਸਕੂਲ ਬੋਰਡ 2023 ਕਮਿਊਨਿਟੀ ਰਿਪੋਰਟ ਕਾਰਡ

**ਪਿਛਲੇ ਸਾਲ ਅਸੀਂ ਕਮਿਊਨਿਟੀ ਨੂੰ WRDSB ਦੇ ਕੰਮ ਦਾ ਮੁਲਾਂਕਣ ਪ੍ਰਦਾਨ ਕਰਨ ਲਈ ਵਚਨਬੱਧਤਾ ਕੀਤੀ ਸੀ। ਕਮਿਊਨਿਟੀ ਰਿਪੋਰਟ ਕਾਰਡ ਹਰ ਸਾਲ ਜਨਤਕ ਤੌਰ 'ਤੇ ਸਾਂਝਾ ਕੀਤਾ ਜਾਵੇਗਾ।**

### ਸ਼ਮੂਲੀਅਤ ਦੁਆਰਾ ਵਿਦਿਆਰਥੀਆਂ ਦੇ ਸਿੱਖਣ ਨੂੰ ਵਧਾਉਣਾ

- ਪੰਜ ਸਾਲਾਂ 'ਚ 85.2% ਨੇ ਗ੍ਰੈਜੂਏਟ ਕੀਤਾ
- EQAO ਡੇਟਾ ਦੁਆਰਾ ਸਾਂਝੇ ਕੀਤੇ ਅਨੁਸਾਰ ਵਿਦਿਆਰਥੀ ਪ੍ਰਾਪਤੀ ਦਰਾਂ ਵਿੱਚ ਵਾਧੇ
- ਵਿਕਲਪਿਕ ਮਾਰਗਾਂ ਲਈ ਟਰੇਡਜ਼ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ, 2022-23 ਵਿਚ 1,140 ਵਿਦਿਆਰਥੀ ਅਤੇ 2023-24 ਵਿਚ 1,849 ਵਿਦਿਆਰਥੀ
- ਇਸ ਸਾਲ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਗ੍ਰੇਡ 11 ਅੰਗਰੇਜ਼ੀ ਕ੍ਰੈਡਿਟ ਵਜੋਂ ਸਮਕਾਲੀ ਫਸਟ ਨੇਸ਼ਨਜ਼, ਮੇਟੀ ਅਤੇ ਇਨੂਇਟ ਆਵਾਜ਼ਾਂ ਨੂੰ ਸਮਝਣਾ (Understanding Contemporary First Nations, Métis, and Inuit Voices) ਸ਼ੁਰੂ ਕੀਤਾ

### ਸੈਂਟਰਿੰਗ ਸਟੂਡੈਂਟਸ

- ਸਟੂਡੈਂਟ ਏਜੰਸੀ ਅਤੇ ਵੌਇਸ ਪਲਾਨ ਦੀ ਸ਼ੁਰੂਆਤ ਕੀਤੀ
- ਵਿਦਿਆਰਥੀਆਂ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ, WRDSB ਨੇ ਵਿਦਿਆਰਥੀਆਂ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਵਾਲੇ ਸਰੋਤਾਂ ਨੂੰ ਪ੍ਰਦਾਨ ਕਰਨ ਲਈ ਇੱਕ ਵਿਧੀ ਵਿਕਸਤ ਕੀਤੀ
- ਵਿਦਿਆਰਥੀਆਂ ਦੇ ਸਮਾਗਮਾਂ ਅਤੇ ਸੰਦੇਸ਼ਾਂ ਰਾਹੀਂ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ

### ਬਰਾਬਰ ਮੌਕੇ ਅਤੇ ਨਤੀਜੇ

- 1:1 ਡਿਵਾਈਸ ਐਕਸੈਸ। ਸਾਰੇ ਵਿਦਿਆਰਥੀਆਂ ਨੂੰ ਗ੍ਰੇਡ 9 ਤੋਂ ਗ੍ਰੇਡ 12 ਤੱਕ ਵਰਤਣ ਲਈ ਕ੍ਰੋਮਬੁੱਕਾਂ ਦਿੱਤੀਆਂ ਗਈਆਂ। ਇੱਕ ਵਰਚੁਅਲ ਡੈਸਕਟਾਪ ਵੀ ਹੈ ਤਾਂਕਿ ਕੁਝ ਕਲਾਸਾਂ ਲਈ ਤਕਨੀਕੀ ਸੌਫਟਵੇਅਰ ਦੀ ਵਰਤੋਂ ਸਕੂਲ ਦੇ ਬਾਹਰ ਕੀਤੀ ਜਾ ਸਕੇ।
- 10% ਤੋਂ ਵੱਧ WRDSB ਸਾਈਟਾਂ ਲਈ ਪਹੁੰਚਯੋਗਤਾ ਅਪਗ੍ਰੇਡ, ਜਿਵੇਂ ਕਿ ਰੁਕਾਵਟ ਰਹਿਤ ਵਾਸ਼ਰੂਮਾਂ ਅਤੇ ਐਲੀਵੇਟਰਾਂ ਦੀ ਸਥਾਪਨਾ, ਕੀਤੇ ਗਏ ਹਨ
- WRDSB ਦੱਖਣ-ਪੱਛਮੀ ਓਨਟੈਰੀਓ ਦੇ ਸਭ ਤੋਂ ਵੱਡੇ ਲਾਇਸੰਸਸ਼ੁਦਾ ਚਾਈਲਡ ਕੇਅਰ ਪ੍ਰਦਾਤਾਵਾਂ ਵਿੱਚੋਂ ਇੱਕ ਹੈ, ਜਿਸ ਵਿੱਚ 4,156 ਬੱਚੇ ਅਤੇ 69 ਤੋਂ ਵੱਧ ਸਿੱਧੇ ਤੌਰ 'ਤੇ ਸੰਚਾਲਿਤ ਸਾਈਟਾਂ ਹਨ

### ਪਰਿਵਾਰ ਅਤੇ ਕਮਿਊਨਿਟੀ ਦੀ ਸ਼ਮੂਲੀਅਤ ਦੁਆਰਾ ਕੁਨੈਕਸ਼ਨਾਂ ਨੂੰ ਮਜ਼ਬੂਤ ਕਰਨਾ

- ਨਸਲੀ ਅਤੇ ਧਾਰਮਿਕ ਭਾਈਚਾਰਿਆਂ ਸਮੇਤ, ਪਰ ਇਹਨਾਂ ਤੱਕ ਸੀਮਤ ਨਹੀਂ, ਵੱਖ-ਵੱਖ ਪਛਾਣਾਂ ਲਈ ਕਮਿਊਨਿਟੀ ਗੋਲਮੇਜ਼ ਕਾਨਫਰੰਸਾਂ ਦੀ ਸ਼ੁਰੂਆਤ ਕੀਤੀ
- ਕਮਿਊਨਿਟੀ ਏਨਗੇਜਮੈਂਟ ਚਾਰਟਰ ਵਿਕਸਤ ਅਤੇ ਲਾਂਚ ਕੀਤਾ
- ਇੱਕ ਲਿਸਨਿੰਗ ਫੋਰਮ ਲੜੀਆਂ ਦੀ ਮੇਜ਼ਬਾਨੀ ਕੀਤੀ ਅਤੇ ਪਰਿਵਾਰਾਂ ਅਤੇ ਜਨਤਾ ਨਾਲ ਫੀਡਬੈਕ ਸਾਂਝੀ ਕੀਤੀ

### ਪਰਿਵਰਤਨ ਲਈ ਸਹਿਯੋਗ ਅਤੇ ਹਮਦਰਦੀ

- ਹਾਈ ਸਕੂਲ ਦੇ ਵਿਦਿਆਰਥੀਆਂ ਲਈ ਆਵਾਜਾਈ ਦੇ ਸਮਾਨ ਵਿਕਲਪ ਲੱਭਣ ਲਈ ਰੀਜਨ ਆਫ ਵਾਟਰਲੂ, ਸਿਟੀ ਆਫ ਕਿਚਨਰ ਅਤੇ ਸਟੂਡੈਂਟ ਟ੍ਰਾਂਸਪੋਰਟੇਸ਼ਨ ਦੇ ਨਾਲ ਭਾਈਵਾਲੀ
- ਸਮਾਰਟ (SMART) ਵਾਟਰਲੂ, ਜਿਸ ਨੇ ਅਜਿਹੇ ਪਾਇਲਟ ਲਾਂਚ ਕੀਤੇ ਹਨ ਜਿਨ੍ਹਾਂ ਨੇ ਸਿੱਧੇ ਤੌਰ 'ਤੇ 10 ਸਕੂਲਾਂ ਅਤੇ 500 ਤੋਂ ਵੱਧ ਬੱਚਿਆਂ ਅਤੇ ਨੌਜਵਾਨਾਂ ਨੂੰ ਪ੍ਰਭਾਵਤ ਕੀਤਾ ਹੈ, ਨਾਲ ਭਾਈਵਾਲੀ
- ਗਰੇਡ 7 ਦੇ ਵਿਦਿਆਰਥੀਆਂ ਦੁਆਰਾ ਹਾਊਸਿੰਗ ਸੰਕਟ ਨੂੰ ਸੰਬੋਧਿਤ ਕਰਨ ਲਈ ਹੱਲ ਵਿਕਸਤ ਕਰਨ ਵਾਸਤੇ ਸਿਟੀ ਆਫ ਕਿਚਨਰ ਦੇ ਨਾਲ ਭਾਈਵਾਲੀ

### ਵਿਦਿਆਰਥੀਆਂ ਅਤੇ ਸਟਾਫ ਦੀ ਕੁਸ਼ਲਤਾ ਲਈ ਸਹਾਇਤਾ

- ਦੁਖਦਾਈ ਘਟਨਾਵਾਂ ਤੋਂ ਪ੍ਰਭਾਵਿਤ ਸਟਾਫ ਲਈ ਸਮਾਜਿਕ-ਮਨੋਵਿਗਿਆਨਕ ਸਲਾਹ ਅਤੇ ਸਹਾਇਤਾ ਦੀ ਵਿਵਸਥਾ
- 100 ਤੋਂ ਵੱਧ ਸੈਕੰਡਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਕਰਦੀ ਹੋਈ ਪਹਿਲੀ ਸਟੂਡੈਂਟ ਵੈਲਨੈਸ ਕਾਨਫਰੰਸ
- ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨ ਲਈ 21 ਕਮਿਊਨਿਟੀ ਭਾਈਵਾਲੀਆਂ



WRDSB.CA

WATERLOO REGION DISTRICT SCHOOL BOARD

# ਵਾਟਰਲੂ ਡਿਸਟ੍ਰਿਕਟ ਸਕੂਲ ਬੋਰਡ
# 2023 ਕਮਿਊਨਿਟੀ ਰਿਪੋਰਟ ਕਾਰਡ ਦਾ ਸਾਰ

ਵਾਟਰਲੂ ਡਿਸਟ੍ਰਿਕਟ ਸਕੂਲ ਬੋਰਡ (WRDSB) ਦਾ ਮੁੱਖ ਕੰਮ ਵਿਦਿਆਰਥੀਆਂ ਨੂੰ ਹੁਨਰਮੰਦ, ਦੇਖਭਾਲ ਕਰਨ ਵਾਲੇ ਅਤੇ ਹਮਦਰਦ ਗਲੋਬਲ ਨਾਗਰਿਕ ਬਣਨ ਵਿੱਚ ਮਦਦ ਕਰਨਾ ਹੈ, ਤਾਂਕਿ ਜਦੋਂ ਉਹ ਗ੍ਰੈਜੂਏਟ ਕਰਨ, ਤਾਂ ਉਨ੍ਹਾਂ ਕੋਲ ਆਪਣੇ ਪਸੰਦੀਦਾ ਮਾਰਗ 'ਤੇ ਸਫਲ ਹੋਣ ਲਈ ਹੁਨਰ ਹੋਣਗੇ। ਅਜਿਹਾ ਕਰਨ ਲਈ, WRDSB ਜਨਤਕ ਸਿੱਖਿਆ ਨੂੰ ਬਦਲ ਰਿਹਾ ਹੈ। ਤਬਦੀਲੀ ਵਿੱਚ ਸਹਿਯੋਗੀ ਸੰਬੰਧ, ਨਵੀਨਤਾ ਦੀ ਭਾਵਨਾ, ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਸਮਰਥਨ ਕਰਨ ਲਈ ਸਪਸ਼ਟ ਉਦੇਸ਼ ਸ਼ਾਮਲ ਹਨ। ਇਹ ਕਮਿਊਨਿਟੀ ਰਿਪੋਰਟ ਕਾਰਡ ਕੁਝ ਕੰਮ ਸਾਂਝੇ ਕਰਦਾ ਹੈ ਜੋ ਅਸੀਂ ਇਸ ਟੀਚੇ ਦਾ ਸਮਰਥਨ ਕਰਨ ਲਈ ਕੀਤੇ ਹਨ।

WRDSB ਰਣਨੀਤਕ ਯੋਜਨਾ, ਵਿੱਚ ਅਸੀਂ ਸਾਲਾਨਾ ਰਿਪੋਰਟ ਕਾਰਡ ਲਈ ਵਚਨਬੱਧ ਹਾਂ। ਇਹ ਰਿਪੋਰਟ ਉਸ ਕੰਮ ਨੂੰ ਕਵਰ ਕਰਦੀ ਹੈ ਜੋ ਅਸੀਂ ਆਪਣੇ ਸੁਪਨੇ ਨੂੰ ਪੂਰਾ ਕਰਨ ਅਤੇ ਆਪਣੇ ਰਣਨੀਤਕ ਨਿਰਦੇਸ਼ਾਂ ਨੂੰ ਪੂਰਾ ਕਰਨ ਲਈ ਪਿਛਲੇ ਸਾਲ ਦੌਰਾਨ ਕੀਤਾ ਸੀ। ਇਹ ਪਹਿਲਾ WRDSB ਕਮਿਊਨਿਟੀ ਰਿਪੋਰਟ ਕਾਰਡ ਹੈ।

2022-23 ਸਕੂਲੀ ਸਾਲ ਦੌਰਾਨ, WRDSB ਨੇ ਆਪਣੇ ਸਿੱਖਿਆ ਪ੍ਰਦਾਨ ਕਰਨ ਦੇ ਤਰੀਕੇ ਵਿੱਚ ਬਦਲਾਅ ਕੀਤੇ। ਤਬਦੀਲੀ ਦਾ ਕਾਰਨ ਅਕਾਦਮਿਕ ਪ੍ਰਾਪਤੀ ਅਤੇ ਸਕਾਰਾਤਮਕ ਕੁਸ਼ਲਤਾ ਦਾ ਸਮਰਥਨ ਕਰਨਾ ਸੀ। WRDSB, ਅਸੀਂ ਪਰਿਵਾਰਾਂ ਅਤੇ ਕਮਿਊਨਿਟੀਆਂ ਨਾਲ ਕਿਵੇਂ ਜੁੜਦੇ ਹਾਂ ਵਿੱਚ ਵੀ ਸੁਧਾਰ ਕਰ ਰਿਹਾ ਹੈ। ਇਸ ਵਿਚ ਸ਼ਾਮਲ ਹੈ ਕਿ ਅਸੀਂ ਕਿਵੇਂ ਸੰਚਾਰ ਕਰਦੇ ਹਾਂ, ਜਵਾਬਦੇਹ ਰਹਿੰਦੇ ਹਾਂ ਅਤੇ ਪਾਰਦਰਸ਼ੀ ਹੁੰਦੇ ਹਾਂ। ਅਸੀਂ ਸਥਾਨਕ ਸਰਕਾਰਾਂ ਅਤੇ ਸੰਗਠਨਾਂ ਨਾਲ ਵੀ ਵਧੇਰੇ ਭਾਈਵਾਲੀ ਕਰ ਰਹੇ ਹਾਂ।

## ਸਾਡੀ ਪ੍ਰਗਤੀ ਨੂੰ ਸਾਂਝਾ ਕਰਨਾ

WRDSB ਰਣਨੀਤਕ ਯੋਜਨਾ ਖਾਸ ਦਿਸ਼ਾ ਨਿਰਦੇਸ਼ਾਂ ਦੀ ਰੂਪ ਰੇਖਾ ਦਿੰਦੀ ਹੈ। ਇਹ ਨਿਰਦੇਸ਼ WRDSB ਨੂੰ ਜਨਤਕ ਸਿੱਖਿਆ ਵਿੱਚ ਇੱਕ ਗਲੋਬਲ ਲੀਡਰ ਬਣਾਉਣ ਲਈ ਤਿਆਰ ਕੀਤੇ ਗਏ ਹਨ। WRDSB ਦਾ ਮਨੁੱਖੀ ਅਧਿਕਾਰਾਂ ਦਾ ਸੱਭਿਆਚਾਰ ਇਹ ਸੁਨਿਸ਼ਚਿਤ ਕਰਨ ਵਿੱਚ ਸਾਡੀ ਮਦਦ ਕਰਦਾ ਹੈ ਕਿ ਅਸੀਂ ਉਹਨਾਂ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਦੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।

ਰਣਨੀਤਕ ਯੋਜਨਾ ਨੂੰ ਲਾਗੂ ਕਰਨ ਦੇ ਪਹਿਲੇ ਸਾਲ ਵਿੱਚ, ਅਸੀਂ ਵੇਖਿਆ ਹੈ:

- ਸੁਧਰੇ ਹੋਏ 2022-23 EQAO ਮੁਲਾਂਕਣ ਅਤੇ ਓਨਟੈਰੀਓ ਸੈਕੰਡਰੀ ਸਕੂਲ ਸਾਖਰਤਾ ਟੈਸਟ (OSSLT) ਨਤੀਜੇ, ਜਿਸ ਵਿੱਚ ਬਹੁ-ਭਾਸ਼ਾਈ ਸਿਖਿਆਰਥੀ ਸ਼ਾਮਲ ਹਨ।
- ਸਕੂਲ ਪ੍ਰਬੰਧਕ ਅਤੇ ਸਟਾਫ ਵਿਅਕਤੀਗਤ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਜ਼ਬੂਤ ਹੁਨਰ ਸੈੱਟ ਵਿਕਸਤ ਕਰਦੇ ਹਨ।
- ਸਾਖਰਤਾ ਅਤੇ ਗਣਿਤ ਦਾ ਸਮਰਥਨ ਕਰਨ ਲਈ ਕਿੰਡਰਗਾਰਟਨ ਤੋਂ ਗ੍ਰੇਡ 12 ਪਹੁੰਚ।
- ਤਕਨਾਲੋਜੀ ਅਤੇ ਸਿੱਖਣ ਦੇ ਯੰਤਰਾਂ ਤੱਕ ਪਹੁੰਚ ਦੇ ਨਾਲ ਗ੍ਰੇਡ 9-12 ਵਿੱਚ ਵਿਦਿਆਰਥੀ।
- ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਸਹਾਇਤਾ, ਜਿਸ ਵਿੱਚ ਨਵੇਂ ਆਉਣ ਵਾਲੇ, ਨਸਲੀ ਅਤੇ ਨਿਊਰੋਡਾਈਵਰਜੈਂਟ ਵਿਦਿਆਰਥੀਆਂ ਲਈ ਸਰੋਤ ਅਤੇ ਸਿਸਟਮ ਨੈਵੀਗੇਟਰ ਸ਼ਾਮਲ ਹਨ।
- ਵਿਦਿਆਰਥੀਆਂ ਲਈ ਭਵਿੱਖ ਦੇ ਸੰਭਾਵਿਤ ਮਾਰਗਾਂ ਦੀ ਪੜਚੋਲ ਕਰਨ ਦੇ ਅਨੇਕ ਮੌਕੇ।

## ਵਿਦਿਆਰਥੀਆਂ ਦੀ ਸਫਲਤਾ ਅਤੇ ਕੁਸ਼ਲਤਾ ਲਈ ਸਾਂਝੀ ਵਚਨਬੱਧਤਾ

ਅਸੀਂ ਜਾਣਦੇ ਹਾਂ ਕਿ ਇਹ ਕੰਮ ਅਸੀਂ ਇਕੱਲੇ ਨਹੀਂ ਕਰ ਸਕਦੇ ਅਤੇ ਉਨ੍ਹਾਂ ਸਾਰਿਆਂ ਲਈ ਪਾਰਦਰਸ਼ਤਾ ਵਧਾਉਣ ਲਈ ਵਚਨਬੱਧ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਵਿਦਿਆਰਥੀਆਂ ਦੀ ਅਕਾਦਮਿਕ ਸਫਲਤਾ ਅਤੇ ਕੁਸ਼ਲਤਾ ਦਾ ਸਮਰਥਨ ਕਰਨ ਲਈ ਜ਼ਰੂਰੀ ਹਨ। WRDSB ਵਿਦਿਆਰਥੀਆਂ ਦੀ ਪ੍ਰਾਪਤੀ ਦਾ ਸਮਰਥਨ ਕਰਨ ਲਈ ਪਰਿਵਾਰਾਂ ਅਤੇ ਕਮਿਊਨਿਟੀ ਭਾਈਵਾਲਾਂ ਨਾਲ ਕੰਮ ਕਰਦਾ ਹੈ।

ਸਾਡੇ ਇਕੱਠੇ ਮਿਲ ਕੇ ਕੰਮ ਕਰਨ ਦੇ ਕੁਝ ਤਰੀਕੇ:

- ਸ਼ਮੂਲੀਅਤ ਲਈ ਚਾਰਟਰ (Charter for Engagement) ਜੋ ਇਹ ਦੱਸਦਾ ਹੈ ਕਿ ਅਸੀਂ ਇੱਕ ਡਿਸਟ੍ਰਿਕਟ ਦੇ ਤੌਰ 'ਤੇ ਆਪਣੇ ਕੰਮ ਦੌਰਾਨ ਵਿਦਿਆਰਥੀਆਂ, ਪਰਿਵਾਰਾਂ ਅਤੇ ਕਮਿਊਨਿਟੀ ਦੀ ਆਵਾਜ਼ ਨੂੰ ਬਿਹਤਰ ਬਣਾਉਣ ਲਈ ਕਿਵੇਂ ਕੰਮ ਕਰਾਂਗੇ।
- ਵੱਖ-ਵੱਖ ਪਹਿਚਾਣਾਂ ਵਾਲੇ ਖੇਤਰ ਵਿੱਚੋਂ ਵੱਖ-ਵੱਖ ਭਾਈਚਾਰਿਆਂ ਅਤੇ ਪਹਿਚਾਣਾਂ ਤੋਂ ਨੁਮਾਇੰਦਿਆਂ ਦੇ ਨਾਲ ਕਈ ਕਮਿਊਨਿਟੀ ਗੋਲਮੇਜ਼ ਕਨਫਰੰਸਾਂ ਦੀ ਸ਼ੁਰੂਆਤ।
- ਫੀਡਬੈਕ ਪ੍ਰਾਪਤ ਕਰਨ ਲਈ ਕਈ ਲਿਸਨਿੰਗ ਫੋਰਮਾਂ ਦੀ ਮੇਜ਼ਬਾਨੀ ਕੀਤੀ। ਪਰਿਵਾਰਾਂ ਅਤੇ ਕਮਿਊਨਿਟੀ ਮੈਂਬਰਾਂ ਦੇ ਯੋਗਦਾਨ ਨਾਲ ਅਭਿਆਸਾਂ ਵਿੱਚ ਤਬਦੀਲੀਆਂ ਆਈਆਂ ਹਨ (ਜਲਦੀ ਹੀ ਰਿਪੋਰਟ ਜਾਰੀ ਕੀਤੀ ਜਾਏਗੀ)।
- WRDSB ਨੇ ਸਰਕਾਰੀ ਅਤੇ ਕਮਿਊਨਿਟੀ ਟੇਬਲ ਬਣਾਏ। ਇਹ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਸਰੋਤਾਂ ਅਤੇ ਸਹਾਇਤਾ 'ਤੇ ਫੋਕਸ ਕਰਦੇ ਹਨ ਜੋ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਕੁਸ਼ਲਤਾ ਨੂੰ ਪ੍ਰਭਾਵਤ ਕਰਦੇ ਹਨ।
- WRDSB ਵਿਦਿਆਰਥੀਆਂ ਲਈ ਉਨ੍ਹਾਂ ਦੀ ਸਿਖਲਾਈ ਦੁਆਰਾ ਅਸਲ ਜ਼ਿੰਦਗੀ ਦੇ ਮੁੱਦਿਆਂ ਦੇ ਹੱਲ ਵਿਕਸਿਤ ਕਰਨ ਦੇ ਮੌਕੇ ਪੈਦਾ ਕਰਨ ਲਈ ਮਿਊਂਸੀਪਲ ਅਤੇ ਕਮਿਊਨਿਟੀ ਭਾਈਵਾਲਾਂ ਨਾਲ ਕੰਮ ਕਰਦਾ ਹੈ। ਵਿਦਿਆਰਥੀਆਂ ਨੇ ਉਨ੍ਹਾਂ ਮੁੱਦਿਆਂ 'ਤੇ ਕੰਮ ਕੀਤਾ ਹੈ ਜੋ ਸਿੱਧੇ ਤੌਰ 'ਤੇ ਉਨ੍ਹਾਂ ਦੇ ਭਾਈਚਾਰਿਆਂ ਨੂੰ ਪ੍ਰਭਾਵਤ ਕਰਦੇ ਹਨ। ਹੱਲਾਂ ਨੇ ਰਿਹਾਇਸ਼, ਭੋਜਨ ਸੁਰੱਖਿਆ ਅਤੇ ਪੋਸ਼ਣ ਨੂੰ ਸੰਬੋਧਿਤ ਕੀਤਾ ਹੈ।

## ਅੱਗੇ ਦਾ ਰਸਤਾ

ਇਹ ਪਹਿਲਾ ਕਮਿਊਨਿਟੀ ਰਿਪੋਰਟ ਕਾਰਡ WRDSB ਦੇ ਕੰਮ ਦਾ ਸਨੈਪਸ਼ਾਟ ਪੇਸ਼ ਕਰਦਾ ਹੈ। ਅਸੀਂ ਸਿੱਖਿਆ ਪ੍ਰਣਾਲੀ ਨੂੰ ਬਦਲਣ ਦੀਆਂ ਆਪਣੀਆਂ ਯੋਜਨਾਵਾਂ ਵਿੱਚ ਬਹੁਤ ਸਾਰੇ ਤਰੀਕਿਆਂ ਨਾਲ ਅੱਗੇ ਵਧ ਰਹੇ ਹਾਂ। ਅਸੀਂ ਜਵਾਬਦੇਹ ਅਤੇ ਪਾਰਦਰਸ਼ੀ ਹੋਣ ਲਈ ਵਚਨਬੱਧ ਹਾਂ। ਇਸ ਲਈ ਅਸੀਂ ਇਸ ਸਾਲਾਨਾ ਕਮਿਊਨਿਟੀ ਰਿਪੋਰਟ ਕਾਰਡ ਵਿਚ ਆਪਣੀ ਪ੍ਰਗਤੀ ਨੂੰ ਸਾਂਝਾ ਕਰਨਾ ਜਾਰੀ ਰੱਖਾਂਗੇ।



WRDSB.CA

WATERLOO REGION DISTRICT SCHOOL BOARD